# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਦਾ ਆਗਾਜ਼ ਅੱਜ

## ਤਿੰਨ ਰੋਜ਼ਾ ਸ਼ਹੀਦੀ ਸਭਾ ਲਈ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਪੁੱਜਣੇ ਸ਼ੁਰੂ

**ਡਾ. ਹਿਮਾਂਸ਼ੂ ਸੂਦ**
**ਫ਼ਤਹਿਗੜ੍ਹ ਸਾਹਿਬ, 25 ਦਸੰਬਰ**

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਤਿੰਨ ਰੋਜ਼ਾ ਸ਼ਹੀਦੀ ਸਭਾ ਭਲਕੇ 26 ਦਸੰਬਰ ਨੂੰ ਸ਼ੁਰੂ ਹੋ ਰਹੀ ਹੈ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤ ਦੇਸ਼-ਵਿਦੇਸ਼ ਤੋਂ ਪੁੱਜਣੀ ਸ਼ੁਰੂ ਹੋ ਗਈ ਹੈ, ਜਿਸ ਕਾਰਨ ਪੁਲੀਸ ਨੂੰ ਅੱਜ ਤੋਂ ਹੀ ਆਵਾਜਾਈ ਦੇ ਬਦਲਵੇਂ ਪ੍ਰਬੰਧ ਸ਼ੁਰੂ ਕਰਨੇ ਪਏ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੀਪੀ ਅਤੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਆਦਿ ਗੁਰਦੁਆਰਾ ਸਾਹਿਬ ਨਤਮਸਤਕ ਹੋਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਅਤੇ ਜ਼ਿਲ੍ਹਾ ਜਥੇਦਾਰ ਜਗਦੀਪ ਸਿੰਘ ਚੀਮਾ ਵਲੋਂ ਪ੍ਰਬੰਧਾਂ ਦੀ ਨਿਗਰਾਨੀ ਕੀਤੀ ਗਈ। ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ 26 ਦਸੰਬਰ ਨੂੰ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 28 ਦਸੰਬਰ ਨੂੰ ਪੈਣਗੇ, ਗੁਰਦੁਆਰਾ ਠੰਢਾ ਬੁਰਜ ਦੇ ਸਾਹਮਣੇ ਟੋਡਰ ਮੱਲ ਦੀਵਾਨ ਹਾਲ ਵਿਚ 26 ਤੋਂ 29 ਦਸੰਬਰ ਤੱਕ ਲਗਾਤਾਰ ਦਿਨ-ਰਾਤ ਧਾਰਮਿਕ ਦੀਵਾਨ ਸਜਣਗੇ, 27 ਦਸੰਬਰ ਦੀ ਰਾਤ ਨੂੰ 9 ਵਜੇ ਕਵੀ ਸਮਾਗਮ ਹੋਵੇਗਾ ਅਤੇ 28 ਦਸੰਬਰ ਨੂੰ ਸਵੇਰੇ 9 ਵਜੇ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੋਂ ਨਗਰ ਕੀਰਤਨ ਸ਼ੁਰੂ ਹੋ ਕੇ 12 ਵਜੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਪੁੱਜੇਗਾ ਜਿੱਥੇ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਸਮਾਪਤੀ ਹੋਵੇਗੀ।



ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਕਤਾਰਾਂ ਵਿਚ ਖੜ੍ਹੇ ਸ਼ਰਧਾਲੂ।

### ਪੁਲੀਸ ਵੱਲੋਂ ਡਰੋਨਾਂ ਰਾਹੀਂ ਕੀਤੀ ਜਾਵੇਗੀ ਨਿਗਰਾਨੀ

ਸੰਗਤ ਦੀ ਭਾਰੀ ਆਮਦ ਦੇ ਮੱਦੇਨਜ਼ਰ ਡੀਜੀਪੀ ਗੌਰਵ ਯਾਦਵ ਨੇ ਇੱਥੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਪਹਿਲੀ ਵਾਰ ਡਰੋਨਾਂ ਰਾਹੀ ਨਿਗਰਾਨੀ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਦੱਸਿਆ ਕਿ 26 ਅਤੇ 27 ਦਸੰਬਰ ਨੂੰ ਜਥਾ ਰੰਧਾਵਾ ਦੇ ਮੁੱਖ ਸਥਾਨ 'ਤੇ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ 26 ਦਸੰਬਰ ਨੂੰ ਧਾਰਮਿਕ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੰਗਤ ਦੀ ਸਹੂਲਤ ਲਈ ਵਿਧਾਇਕ ਲਖਵੀਰ ਸਿੰਘ ਰਾਏ ਅਤੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿਲ ਵੱਲੋਂ ਸ਼ਹੀਦੀ ਸਭਾ ਬਾਰੇ ਸੈਕਟਰ ਮੈਪ ਵੀ ਜਾਰੀ ਕੀਤਾ ਗਿਆ।

# ਸੁਖਬੀਰ ਤੇ ਰਾਣਾ ਗੁਰਜੀਤ ਦੀ ਮੁਲਾਕਾਤ ਨੇ ਸਿਆਸੀ ਚਰਚਾ ਛੇੜੀ

**ਦੋਵੇਂ ਆਗੂਆਂ ਵੱਲੋਂ ਮੁਲਾਕਾਤ ਦੇ ਸਿਆਸੀ ਅਰਥ ਨਾ ਕੱਢਣ ਦੀ ਅਪੀਲ**

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 25 ਦਸੰਬਰ**

ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕੱਲ੍ਹ ਕੀਤੀ ਮੁਲਾਕਾਤ ਮਗਰੋਂ ਸੂਬੇ ਭਰ ਵੱਚ ਸਿਆਸੀ ਚਰਚੇ ਸ਼ੁਰੂ ਹੋ ਗਏ ਹਨ। ਹਾਲਾਂਕਿ ਇਨ੍ਹਾਂ ਦੋਵਾਂ ਵੱਲੋਂ ਕਿਹਾ ਜਾ ਰਿਹਾ ਹੈ, ਇਸ ਮੁਲਾਕਾਤ ਦਾ ਸਿਆਸੀ ਅਰਥ ਨਾ ਕੱਢਿਆ ਜਾਵੇ। ਇਹ ਮੁਲਾਕਾਤ ਚੰਡੀਗੜ੍ਹ ਦੇ ਸੈਕਟਰ-9 ਵਿੱਚ ਸਥਿਤ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਹੋਈ ਹੈ। ਜਿੱਥੇ ਦੋਵਾਂ ਵਿਚਕਾਰ ਇਕ ਘੰਟਾ ਗੱਲਬਾਤ ਚਲਦੀ ਰਹੀ ਹੈ। ਹਾਲਾਂਕਿ ਗੱਲਬਾਤ ਦੇ ਅਸਲ ਕਾਰਨ ਸਪਸ਼ਟ ਨਹੀਂ ਹੋ ਸਕੇ ਹਨ।





ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਨਿੱਜੀ ਮਿਲਣੀ ਸੀ। ਇਸ ਨੂੰ ਸਿਆਸਤ ਨਾਲ ਜੋੜ ਕੇ ਨਾ ਦੇਖਿਆ ਜਾਵੇ। ਉਨ੍ਹਾਂ ਕਿਹਾ ਕਿ ਹਰ ਗੱਲ ਨੂੰ ਸਿਆਸਤ ਨਾਲ ਨਹੀਂ ਜੋੜ ਕੇ ਦੇਖਿਆ ਜਾਣਾ ਚਾਹੀਦਾ। ਦੂਜੇ ਪਾਸੇ ਰਾਣਾ ਗੁਰਜੀਤ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦੀ ਮੁਲਾਕਾਤ ਬਾਰੇ ਸਿਆਸਤ ਵਿੱਚ ਚਰਚੇ ਚੱਲ ਰਹੇ ਹਨ। ਹਰ ਕਿਸੇ ਵੱਲੋਂ ਇਸ ਮੁਲਾਕਾਤ ਨੂੰ ਆਪੋ-ਆਪਣੇ ਢੰਗ ਨਾਲ ਦੇਖਿਆ ਜਾ ਰਿਹਾ ਹੈ। ਗੌਰਤਲਬ ਹੈ ਕਿ ਰਾਣਾ ਗੁਰਜੀਤ ਸਿੰਘ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਵੀ ਰਾਣਾ ਗੁਰਜੀਤ ਨੇ ਕੈਪਟਨ ਬਾਰੇ ਇਕ ਸ਼ਬਦ ਨਹੀਂ ਬੋਲਿਆ।

# 'ਪ੍ਰੈੱਸ ਦੀ ਆਜ਼ਾਦੀ ਨੂੰ ਦਬਾਉਣਾ ਬੰਦ ਕਰੇ ਪੰਜਾਬ ਸਰਕਾਰ'

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 25 ਦਸੰਬਰ**

ਪ੍ਰਗਤੀਸ਼ੀਲ ਲੇਖਕ ਸੰਘ ਨੇ ਪੰਜਾਬ ਸਰਕਾਰ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਪੰਜਾਬੀ ਦੀਆਂ ਦੋ ਪ੍ਰਮੁੱਖ ਅਖ਼ਬਾਰਾਂ 'ਅਜੀਤ' ਅਤੇ 'ਪੰਜਾਬੀ ਟ੍ਰਿਬਿਊਨ' ਨੂੰ ਨਿਸ਼ਾਨਾ ਬਣਾਉਣ ਦੀ ਨਿਖੇਧੀ ਕੀਤੀ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀਆਂ ਦੋ ਨਾਮੀ ਅਖ਼ਬਾਰਾਂ ਨੂੰ ਲੋਕ-ਹਿੱਤ ਵਿੱਚ ਆਵਾਜ਼ ਬੁਲੰਦ ਕਰਨ 'ਤੇ ਉਨ੍ਹਾਂ ਦੇ ਇਸ਼ਤਿਹਾਰ ਬੰਦ ਕਰ ਕੇ ਚੁੱਪ ਕਰਵਾਉਣ ਦਾ ਰਵੱਈਆ ਅਪਨਾ ਰਹੀ ਹੈ। ਇਸ ਨੂੰ ਪੰਜਾਬ ਦੇ ਲੋਕ, ਲੇਖਕ, ਬੁੱਧੀਜੀਵੀ, ਕਲਾਕਾਰ, ਪੱਤਰਕਾਰ ਤੇ ਸੱਭਿਆਚਾਰਕ ਕਾਮੇ ਬਰਦਾਸ਼ਤ ਨਹੀਂ ਕਰਨਗੇ। ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਜਨਰਲ ਸਕੱਤਰ ਸੁਰਜੀਤ ਜੱਜ ਨੇ ਕਿਹਾ ਕਿ ਲੋਕ ਆਵਾਜ਼ ਨੂੰ ਹਕੂਮਤੀ ਦਾਬੇ ਰਾਹੀਂ ਦਬਾਉਣ ਦਾ ਇਹ ਵਰਤਾਰਾ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਰਾਹੀਂ ਚੁਣੀ ਸਰਕਾਰ ਲੋਕਾਂ ਪ੍ਰਤੀ ਜਵਾਬਦੇਹ ਹੁੰਦੀ ਹੈ ਤੇ ਮੌਜੂਦਾ ਸਰਕਾਰ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੀ। ਸ੍ਰੀ ਜੱਜ ਨੇ ਕਿਹਾ ਕਿ ਪ੍ਰਗਤੀਸ਼ੀਲ ਲੇਖਕ ਸੰਘ ਹਰ ਸਮੇਂ ਲੋਕ-ਹਿਤਾਂ ਦੇ ਵਿਰੋਧੀ ਵਰਤਾਰਿਆਂ ਵਿਰੁੱਧ ਆਵਾਜ਼ ਬੁਲੰਦ ਕਰਦਾ ਆਇਆ ਹੈ, ਜੋ ਕਿ ਭਵਿੱਖ ਵਿੱਚ ਵੀ ਜਾਰੀ ਰਹੇਗਾ। ਪ੍ਰਗਤੀਸ਼ੀਲ ਲੇਖਕ ਸੰਘ ਦੇ ਸਾਥੀਆਂ ਅਤੇ ਪ੍ਰਮੁੱਖ ਲੇਖਕਾਂ ਕਿਰਪਾਲ ਕਜ਼ਾਕ, ਡਾ. ਅਨੂਪ ਸਿੰਘ, ਜੋਗਿੰਦਰ ਸਿੰਘ ਨਿਰਾਲਾ, ਸੁਰਜੀਤ ਭੱਟੀ, ਡਾ. ਸਰਬਜੀਤ ਸਿੰਘ, ਕੁਲਦੀਪ ਦੀਪ, ਅਰਵਿੰਦਰ ਕੌਰ ਕਾਕੜਾ, ਬਲਦੇਵ ਮੋਗਾ, ਦੇਸ ਰਾਜ ਕਾਲੀ, ਹਰਮੀਤ ਵਿਦਿਆਰਥੀ, ਰਮੇਸ਼ ਯਾਦਵ, ਸ਼ਬਦੀਸ਼, ਡਾ. ਸਾਹਿਬ ਸਿੰਘ, ਹਰਵਿੰਦਰ ਭੰਡਾਲ, ਮਦਨ ਵੀਰਾ, ਗੁਲਜ਼ਾਰ ਪੰਧੇਰ, ਭਗਵਾਨ ਢਿੱਲੋਂ, ਤਰਸੇਮ, ਮੇਜਰ ਸਿੰਘ ਗਿੱਲ, ਤਰਲੋਚਨ ਕੌਰ ਆਦਿ ਨੇ ਸਰਕਾਰ ਦੇ ਇਸ ਵਤੀਰੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਆਪਣੇ ਅਜਿਹੇ ਵਰਤਾਰੇ ਨੂੰ ਤੁਰੰਤ ਬੰਦ ਕਰੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਹੋਰ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਸੂਬਾ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢੇਗਾ। ਪ੍ਰਗਤੀਸ਼ੀਲ ਲੇਖਕ ਸੰਘ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਆਵਾਜ਼ ਬਣਨ ਵਾਲਿਆਂ ਅਖ਼ਬਾਰਾਂ ਤੇ ਪੱਤਰਕਾਰਾਂ ਦੇ ਹੱਕ ਵਿੱਚ ਖੜ੍ਹੇ ਹੋਣ ਲਈ ਅੱਗੇ ਆਉਣ।

**ਲੇਖਕਾਂ ਵੱਲੋਂ ਸੂਬਾ ਸਰਕਾਰ ਦੇ ਵਰਤਾਰੇ ਦੀ ਨਿਖੇਧੀ**

## ਇਕ ਨਜ਼ਰ

### ਕੈਨੇਡਾ ਵਿੱਚ ਪੰਜਾਬੀ ਨੌਜਵਾਨ ਦੀ ਮੌਤ



**ਜਲੰਧਰ:** ਕੈਨੇਡਾ ਦੇ ਕੈਲਗਰੀ ਸ਼ਹਿਰ 'ਚੋਂ 6 ਦਿਨ ਪਹਿਲਾਂ ਲਾਪਤਾ ਹੋਏ ਪੰਜਾਬੀ ਨੌਜਵਾਨ ਦੀ ਲਾਸ਼ ਕਾਰ ਵਿੱਚੋਂ ਸ਼ੱਕੀ ਹਾਲਤ ਵਿੱਚ ਮਿਲੀ ਹੈ। ਮ੍ਰਿਤਕ ਦੀ ਪਛਾਣ ਜਸਕਰਨ ਸਿੰਘ ਜੋਸ਼ਨ (22) ਵਾਸੀ ਸਿੱਧੂਪੁਰ ਵਜੋਂ ਹੋਈ ਹੈ। ਮ੍ਰਿਤਕ ਦੇ ਚਚੇਰੇ ਭਰਾ ਸੋਨੂ ਜੋਸ਼ਨ ਨੇ ਦੱਸਿਆ ਕਿ ਜਸਕਰਨ ਸਿੰਘ ਪਿਛਲੇ ਪੰਜ-ਛੇ ਦਿਨਾਂ ਤੋਂ ਲਾਪਤਾ ਸੀ। ਉਸ ਦਾ ਜਦੋਂ ਫੋਨ ਨਾ ਲੱਗਾ ਤਾਂ ਉਨ੍ਹਾਂ ਨੇ ਉਥੇ ਪੁਲੀਸ ਨੂੰ ਸੂਚਿਤ ਕੀਤਾ। ਕੈਨੇਡਾ ਪੁਲੀਸ ਨੇ ਜਸਕਰਨ ਸਿੰਘ ਵੱਲੋਂ ਕੀਤੇ ਆਖ਼ਰੀ ਫੋਨ ਤੋਂ ਉਸ ਦੀ ਲੋਕੇਸ਼ਨ ਦਾ ਪਤਾ ਲਾਇਆ ਜਿਸ ਤੋਂ ਬਾਅਦ ਉਸ ਦੀ ਕਾਰ ਇੱਕ ਪਾਰਕਿੰਗ ਵਿੱਚ ਖੜ੍ਹੀ ਮਿਲੀ, ਜਿਸ ਵਿਚ ਉਸ ਦੀ ਲਾਸ਼ ਵੀ ਸੀ। ਉਸ ਨੇ ਆਪਣੀ ਪੜ੍ਹਾਈ ਮੁਕੰਮਲ ਕਰ ਲਈ ਸੀ ਤੇ ਉਹ ਪੀਆਰ ਹੋ ਗਿਆ ਸੀ। ਹੁਣ ਉਹ ਆਪਣਾ ਹੀ ਕਾਰੋਬਾਰ ਕਰਦਾ ਸੀ। ਪਤਾ ਲੱਗਾ ਹੈ ਕਿ ਜਸਕਰਨ ਦੇ ਦੋ ਜਣਿਆਂ ਦੇ ਪੈਸੇ ਮਾਰ ਲਏ ਸਨ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। **ਨਿੱਜੀ ਪੱਤਰ ਪ੍ਰੇਰਕ**

### ਨਸ਼ਾ ਤਸਕਰ ਨੂੰ ਫੜਨ ਗਈ ਪੁਲੀਸ ਦਾ ਵਿਰੋਧ

**ਸ੍ਰੀ ਮੁਕਤਸਰ ਸਾਹਿਬ:** ਪਿੰਡ ਭੰਗਚੜੀ 'ਚ ਇੱਕ ਨਸ਼ਾ ਤਸਕਰ ਨੂੰ ਹਿਰਾਸਤ ਵਿਚ ਲੈਣ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਪਾਸੇ ਹਟਾਉਣ ਲਈ ਪੁਲੀਸ ਥਾਣਾ ਸਿਟੀ ਦੇ ਮੁਖੀ ਨੂੰ ਹਵਾਈ ਫਾਇਰ ਕਰਨੇ ਪਏ ਹਨ। ਥਾਣਾ ਮੁਖੀ ਨਵਪ੍ਰੀਤ ਸਿੰਘ ਨੇ ਦੱਸਿਆ ਕਿ ਪੁਲੀਸ ਵੱਲੋਂ ਕੀਤੀ ਨਾਕਾਬੰਦੀ ਦੌਰਾਨ ਰਾਕੇਸ਼ ਕੁਮਾਰ ਉਰਫ਼ ਕੇਸ਼ਵ ਵਾਸੀ ਅਬੋਹਰ ਰੋਡ ਨੇ ਨਾਕੇ 'ਤੇ ਕਾਰ ਰੋਕਣ ਦੀ ਬਜਾਏ ਭਜਾ ਲਈ ਪਰ ਅੱਗੇ ਬਾਜ਼ਾਰ ਵਿਚ ਟ੍ਰੈਫਿਕ ਕਾਰਨ ਕਾਰ ਉਥੇ ਰੁਕ ਗਈ ਅਤੇ ਮੁਲਜ਼ਮ ਕਾਰ ਛੱਡ ਕੇ ਭੱਜ ਗਿਆ। ਚੈਕਿੰਗ ਦੌਰਾਨ ਕਾਰ ਵਿੱਚੋਂ 900 ਪਾਬੰਦੀਸ਼ੁਦਾ ਗੋਲੀਆਂ ਬਰਾਮਦ ਹੋਈਆਂ। ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਮੁਲਜ਼ਮ ਪਿੰਡ ਭੰਗਚੜ੍ਹੀ ਵਿੱਚ ਲੁਕਿਆ ਹੋਇਆ ਹੈ। ਇੱਥੇ ਉਨ੍ਹਾਂ ਨੇ ਖੁਦ ਪੁਲੀਸ ਪਾਰਟੀ ਨਾਲ ਛਾਪਾ ਮਾਰ ਕੇ ਮੁਲਜ਼ਮ ਰਾਕੇਸ਼ ਨੂੰ ਕਾਬੂ ਕਰ ਲਿਆ ਪਰ ਉੱਥੇ ਮੌਜੂਦ ਕਰੀਬ 20 ਲੋਕਾਂ ਨੇ ਮੁਲਜ਼ਮ ਨੂੰ ਪੁਲੀਸ ਹਿਰਾਸਤ 'ਚੋਂ ਛੁਡਾਉਣ ਦੀ ਕੋਸ਼ਿਸ਼ ਕੀਤੀ। ਮਾਹੌਲ ਵਿਗੜਦਾ ਦੇਖ ਕੇ ਉਨ੍ਹਾਂ ਆਪਣੀ ਸਰਵਿਸ ਰਿਵਾਲਵਰ ਨਾਲ ਹਵਾ 'ਚ ਫਾਇਰ ਕਰ ਕੇ ਖਦੇੜ ਦਿੱਤਾ ਅਤੇ ਉਹ ਮੁਲਜ਼ਮ ਨੂੰ ਲੈ ਕੇ ਥਾਣੇ ਲੈ ਆਏ। ਉਨ੍ਹਾਂ ਦੱਸਿਆ ਕਿ ਪੁਲੀਸ ਦਾ ਵਿਰੋਧ ਕਰਨ ਵਾਲੇ ਸਾਰੇ ਨਸ਼ਾ ਤਸਕਰ ਸਨ। ਐੱਸਐੱਚਓ ਮਲਕੀਤ ਸਿੰਘ ਨੇ ਦੱਸਿਆ ਕਿ ਡਿਊਟੀ ਵਿੱਚ ਵਿਘਨ ਪਾਉਣ 'ਤੇ ਮੰਦਰ ਸਿੰਘ, ਸਤਪਾਲ ਸਿੰਘ, ਗੁਰਬਾਜ ਸਿੰਘ, ਜਸਪ੍ਰੀਤ ਸਿੰਘ ਅਤੇ ਮੰਦਰ ਸਿੰਘ ਦੀ ਪਤਨੀ ਤੋਂ ਇਲਾਵਾ 15 ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। **-ਨਿੱਜੀ ਪੱਤਰ ਪ੍ਰੇਰਕ**

### ਡੀਟੀਐੱਫ਼ ਦਾ ਵਫ਼ਦ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲਿਆ

**ਪਟਿਆਲਾ:** ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀਟੀਐੱਫ) ਪੰਜਾਬ ਦਾ ਵਫ਼ਦ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਅਤੇ ਜਨਰਲ ਸਕੱਤਰ ਮੁਕੇਸ਼ ਕੁਮਾਰ ਦੀ ਅਗਵਾਈ ਵਿੱਚ ਵਿਦਿਆਰਥੀਆਂ, ਸਿੱਖਿਆ ਅਤੇ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋਫੈਸਰ ਯੋਗਰਾਜ ਨੂੰ ਮਿਲਿਆ। ਚੇਅਰਮੈਨ ਨੇ ਉਨ੍ਹਾਂ ਨੂੰ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਹੈ। ਆਗੂਆਂ ਅਨੁਸਾਰ ਚੇਅਰਮੈਨ ਨੇ ਉਨ੍ਹਾਂ ਨੂੰ ਪੰਜਾਬ ਦੀਆਂ ਸਥਾਨਕ ਲੋੜਾਂ ਅਨੁਸਾਰ ਆਪਣੀ ਸਿੱਖਿਆ ਨੀਤੀ ਤਿਆਰ ਕਰਨ ਸਬੰਧੀ ਮੰਗ ਸਰਕਾਰ ਤੱਕ ਭੇਜਣ ਦਾ ਭਰੋਸਾ ਦਿੱਤਾ ਹੈ। ਵਿੱਦਿਅਕ ਸ਼ੈਸ਼ਨ 2023-24 ਤੋਂ ਪਹਿਲਾਂ ਫਰਵਰੀ ਤੱਕ ਸਮੂਹ ਪਾਠ ਪੁਸਤਕਾਂ ਭੇਜਣ ਦਾ ਭਰੋਸਾ ਦਿੱਤਾ ਗਿਆ ਹੈ। ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਕੰਪਿਊਟਰ ਸਿੱਖਿਆ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਕੰਪਿਊਟਰ ਮੁਹਾਰਤ ਹੋਣ ਦਾ ਸਰਟੀਫਿਕੇਟ ਜਾਰੀ ਕਰਨ 'ਤੇ ਸਿਧਾਂਤਕ ਸਹਿਮਤੀ ਦਿੱਤੀ ਗਈ ਹੈ। **-ਖੇਤਰੀ ਪ੍ਰਤੀਨਿਧ**

# ਸਿੱਕਮ ਹਾਦਸਾ: ਸ਼ਹੀਦ ਓਂਕਾਰ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

**ਸ਼ਹੀਦ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਰਾਸ਼ੀ ਭੇਟ ਕੀਤੀ ਜਾਵੇਗੀ: ਕਟਾਰੂਚੱਕ**

**ਪੱਤਰ ਪ੍ਰੇਰਕ**
**ਪਠਾਨਕੋਟ, 25 ਦਸੰਬਰ**

ਸਿੱਕਮ ਵਿੱਚ ਵਾਪਰੇ ਹਾਦਸੇ ਦੌਰਾਨ ਆਪਣੇ 16 ਸਾਥੀਆਂ ਸਮੇਤ ਸ਼ਹੀਦ ਹੋਣ ਵਾਲੇ ਭਾਰਤੀ ਸੈਨਾ ਦੀ 285 ਮੀਡੀਅਮ ਰੈਜੀਮੈਂਟ ਦੇ ਨਾਇਬ ਸੂਬੇਦਾਰ ਓਂਕਾਰ ਸਿੰਘ ਦਾ ਉਨ੍ਹਾਂ ਦੇ ਜੱਦੀ ਪਿੰਡ ਨਾਜੋਵਾਲ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਮੇਜਰ ਯੋਗੇਸ਼ ਦੀ ਅਗਵਾਈ ਵਿੱਚ ਸੈਨਾ ਦੀ 327 ਮੀਡੀਅਮ ਰੈਜੀਮੈਂਟ ਦੇ ਜਵਾਨਾਂ ਨੇ ਹਵਾਈ ਫਾਇਰ ਕਰਦਿਆਂ ਹਥਿਆਰ ਉਲਟੇ ਕਰ ਕੇ ਨਾਇਬ ਸੂਬੇਦਾਰ ਓਂਕਾਰ ਸਿੰਘ ਨੂੰ ਸਲਾਮੀ ਦਿੱਤੀ। ਸ਼ਹੀਦ ਓਂਕਾਰ ਸਿੰਘ ਦੇ ਚਾਰ ਸਾਲਾ ਪੁੱਤਰ ਮੁਕੰਦ ਨੇ ਪਿਤਾ ਦੀ ਚਿਤਾ ਨੂੰ ਅਗਨੀ ਦਿਖਾਈ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ, ਮੇਜਰ ਯੋਗੇਸ਼, ਐੱਸਪੀ ਮਨੋਜ ਠਾਕੁਰ, ਐੱਸਡੀਐੱਮ ਧਾਰਕਲਾਂ ਹਰਜਿੰਦਰ ਸਿੰਘ, ਡੀਐੱਸਪੀ ਸਮੀਰ ਸਿੰਘ ਮਾਨ, ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪਰਿਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਵਿੱਕੀ, ਤਹਿਸੀਲਦਾਰ ਲਛਮਣ ਸਿੰਘ, ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਸੁਪਰਡੈਂਟ ਸੁਦੇਸ਼ ਕੁਮਾਰ ਆਦਿ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼ਹੀਦ ਦਾ ਤਾਇਆ ਬਲਬੀਰ ਸਿੰਘ, ਚਾਚਾ ਸ਼ਿਵਦਿਆਲ ਸਿੰਘ ਅਤੇ ਹੋਰ ਰਿਸ਼ਤੇਦਾਰ ਹਾਜ਼ਰ ਸਨ। ਮੰਤਰੀ ਕਟਾਰੂਚੱਕ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਪਰਿਵਾਰ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪਾਲਸੀ ਦੇ ਮੁਤਾਬਕ ਸ਼ਹੀਦ ਪਰਿਵਾਰ ਨੂੰ 1 ਕਰੋੜ ਰੁਪਏ ਦੀ ਰਾਸ਼ੀ ਭੇਟ ਕੀਤੀ ਜਾਵੇਗੀ। ਉਨ੍ਹਾਂ ਪਿੰਡ ਦੇ ਸਰਕਾਰੀ ਸਕੂਲ ਦਾ ਨਾਂ ਸ਼ਹੀਦ ਦੇ ਨਾਂ 'ਤੇ ਰੱਖਣ ਅਤੇ ਸ਼ਹੀਦ ਦੀ ਯਾਦ ਵਿੱਚ ਇੱਕ ਯਾਦਗਾਰੀ ਗੇਟ ਬਣਵਾਉਣ ਦਾ ਵੀ ਐਲਾਨ ਕੀਤਾ।



ਸ਼ਹੀਦ ਸੂਬੇਦਾਰ ਓਂਕਾਰ ਸਿੰਘ (ਇਨਸੈੱਟ) ਨੂੰ ਸਲਾਮੀ ਦਿੰਦੇ ਹੋਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ। -ਫੋਟੋ: ਧਵਨ

# ਦਸ ਕਿੱਲੋ ਹੈਰੋਇਨ ਤੇ ਹਾਈਟੈੱਕ ਡਰੋਨ ਸਣੇ ਦੋ ਕਾਬੂ

**ਟ੍ਰਿਬਿਊਨ ਨਿਊਜ਼ ਸਰਵਿਸ**
**ਅੰਮ੍ਰਿਤਸਰ, 25 ਦਸੰਬਰ**

ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਮਾਮਲੇ ਵਿਚ ਪੰਜਾਬ ਪੁਲੀਸ ਨੇ ਦੋ ਵਿਅਕਤੀਆਂ ਨੂੰ ਕਾਬੂ ਕਰ ਕੇ 10 ਕਿਲੋ ਹੈਰੋਇਨ ਅਤੇ ਇੱਕ ਹਾਈਟੈੱਕ ਡਰੋਨ ਬਰਾਮਦ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੁਲੀਸ ਨੇ ਵੱਡੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਤਸਕਰਾਂ ਦੀ ਪਛਾਣ ਦਲਬੀਰ ਅਤੇ ਜਗਦੀਸ਼ ਦੋਵੇਂ ਵਾਸੀ ਪਿੰਡ ਘਰਿੰਡਾ ਵਜੋਂ ਹੋਈ ਹੈ। ਡੀਜੀਪੀ ਨੇ ਦੱਸਿਆ ਕਿ ਐਸਐਸਪੀ ਸਵਪਨ ਸ਼ਰਮਾ ਦੀ ਅਗਵਾਈ ਵਿੱਚ ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਇਹ ਤਸਕਰ ਡਰੋਨਾਂ ਦੀ ਮਦਦ ਨਾਲ ਸਰਹੱਦ ਪਾਰੋਂ ਨਸ਼ਾ ਮੰਗਵਾ ਕੇ ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਵਿੱਚ ਤਸਕਰੀ ਕਰਦੇ ਸਨ। ਉਨ੍ਹਾਂ ਦੱਸਿਆ ਕਿ ਦੋਵਾਂ ਕੋਲੋਂ ਅਮਰੀਕਾ ਦਾ ਆਧੁਨਿਕ ਅਤੇ ਡੀਜੇਆਈ ਸੀਰੀਜ਼ ਦਾ ਡਰੋਨ ਬਰਾਮਦ ਕੀਤਾ ਗਿਆ ਹੈ।

# ਪੱਤਰਕਾਰ ਨੂੰ ਧਮਕਾਉਣ ਵਾਲੇ ਦੇ ਨੇੜੇ ਪੁੱਜੀ ਪੁਲੀਸ

**ਨਿੱਜੀ ਪੱਤਰ ਪ੍ਰੇਰਕ**
**ਜਗਰਾਉਂ, 25 ਦਸੰਬਰ**

ਵਿਦੇਸ਼ੀ ਨੰਬਰਾਂ ਤੋਂ ਪੱਤਰਕਾਰ ਸੰਤੋਖ ਗਿੱਲ ਨੂੰ ਧਮਕੀਆਂ ਦੇਣ ਵਾਲੇ ਵਿਅਕਤੀ ਦੀ ਭਾਲ ਵਿੱਚ ਲੱਗੀ ਲੁਧਿਆਣਾ (ਦਿਹਾਤੀ) ਪੁਲੀਸ ਇਹ ਜਾਣਨ 'ਚ ਕਾਮਯਾਬ ਹੋ ਗਈ ਹੈ ਕਿ ਫੋਨ ਵਿਦੇਸ਼ ਤੋਂ ਨਹੀਂ ਸਗੋਂ ਨੇੜਿਓਂ ਹੀ ਆਇਆ ਸੀ, ਜਿਸ ਫੋਨ ਤੋਂ ਪੱਤਰਕਾਰ ਸੰਤੋਖ ਗਿੱਲ ਨੂੰ ਧਮਕੀ ਭਰੇ ਸੁਨੇਹੇ ਆਏ ਸਨ, ਉਸੇ ਫੋਨ ਤੋਂ ਕੁਝ ਕਾਲਾਂ ਬਿਹਾਰ ਨੂੰ ਕੀਤੇ ਜਾਣ ਦੇ ਵੀ ਸੰਕੇਤ ਮਿਲੇ ਹਨ। ਇਸ ਸਬੰਧੀ ਜਦੋਂ ਸੰਤੋਖ ਗਿੱਲ ਆਪਣੇ ਪੱਤਰਕਾਰ ਸਾਥੀਆਂ ਸਣੇ ਜ਼ਿਲ੍ਹਾ ਪੁਲੀਸ ਮੁਖੀ ਹਰਜੀਤ ਸਿੰਘ ਆਈਪੀਐੱਸ ਨੂੰ ਮਿਲੇ ਤਾਂ ਉਨ੍ਹਾਂ ਨੇ ਇਸ ਗੱਲ ਦਾ ਖੁਲਾਸਾ ਕੀਤਾ। ਜ਼ਿਲ੍ਹਾ ਪੁਲੀਸ ਮੁਖੀ ਨੇ ਸੰਤੋਖ ਗਿੱਲ ਸਮੇਤ ਹੋਰ ਪੱਤਰਕਾਰਾਂ ਨੂੰ ਸੁਰੱਖਿਆ ਦਾ ਭਰੋਸਾ ਦਿੰਦਿਆਂ ਇਸ ਫੋਨ ਦੀ ਜਾਂਚ ਲਈ ਸਾਈਬਰ ਜੁਰਮ ਨਾਲ ਜੁੜੇ ਮੁੱਖ ਦਫਤਰ ਦੇ ਮਾਹਿਰਾਂ ਦੀ ਸਹਾਇਤਾ ਲੈਣ ਲਈ ਜਲਦੀ ਪਹੁੰਚ ਕਰਨ ਦਾ ਵੀ ਭਰੋਸਾ ਦਿੱਤਾ ਹੈ। ਉਧਰ ਜਰਨਲਿਸਟ ਯੂਨੀਅਨ ਦੇ ਕੌਮੀ ਆਗੂ ਬਲਵਿੰਦਰ ਜੰਮੂ ਅਤੇ ਸੂਬਾਈ ਪ੍ਰਧਾਨ ਬਲਬੀਰ ਸਿੰਘ ਜੰਡੂ ਨੇ ਪੁਲੀਸ ਦੇ ਢਿੱਲੇ ਰਵੱਈਏ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੁਲੀਸ ਨੇ ਧਮਕੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਪੱਤਰਕਾਰ ਯੂਨੀਅਨ ਦੇ ਆਗੂਆਂ ਨੇ ਮਾਮਲੇ ਦੀ ਪੜਤਾਲ ਜਲਦ ਮੁਕੰਮਲ ਕਰ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਪੱਤਰਕਾਰ ਨੂੰ ਜਦੋਂ ਧਮਕੀ ਭਰਿਆ ਫੋਨ ਆਇਆ ਸੀ ਤਾਂ ਉਹ ਅਮਰੀਕਾ ਦਾ ਨੰਬਰ ਦਿਖਾਉਂਦਾ ਸੀ ਪਰ ਮੰਨਿਆ ਜਾ ਰਿਹਾ ਹੈ ਕਿ ਇਹ ਫੋਨ ਕਿਸੇ ਐਪ ਰਾਹੀਂ ਇਥੋਂ ਹੀ ਕੀਤਾ ਗਿਆ ਹੈ।

**ਜਰਨਲਿਸਟ ਯੂਨੀਅਨ ਵੱਲੋਂ ਪੁਲੀਸ ਦੀ ਢਿੱਲੀ ਕਾਰਵਾਈ ਦੀ ਨਿਖੇਧੀ**

## ਮੋਗਾ 'ਚ 'ਐੱਨਆਰਆਈ ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਅੱਜ

**ਚੰਡੀਗੜ੍ਹ (ਟਨਸ):** ਪੰਜਾਬ ਸਰਕਾਰ ਵੱਲੋਂ ਮੋਗਾ ਵਿੱਚ ਭਲਕੇ 26 ਦਸੰਬਰ 'ਐੱਨਆਰਆਈ ਪੰਜਾਬੀਆਂ ਨਾਲ ਮਿਲਣੀ' ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਿੱਤੀ ਹੈ। ਇਸ ਮੌਕੇ ਮੋਗਾ, ਫਿਰੋਜ਼ਪੁਰ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਬਠਿੰਡਾ ਤੇ ਮਾਨਸਾ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਜਾਣਗੀਆਂ।


**ਵੂਲਵੇਜ਼ (ਇੰਡੀਆ) ਲਿਮਟਿਡ (ਲਿਕੁਇਡੇਸ਼ਨ ਵਿਚ) ਦੇ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ (ਰਜਿ. ਦਫਤਰ: ਏ-2, ਬੇਸਮੈਂਟ ਫਰੰਟ ਸਾਈਡ, ਈਸਟ ਆਫ ਕੈਲਾਸ਼, ਨਵੀਂ ਦਿੱਲੀ-110065)**

ਈ-ਨਿਲਾਮੀ ਪਲੇਟਫਾਰਮ: https://ncltauction.auctiontiger.net ਰਾਹੀਂ ਇਨਸਾਲਵੈਂਸੀ ਐਂਡ ਬੈਂਕਰੁਪਸੀ ਕੋਡ, 2016 ਅਤੇ ਉਸ ਦੇ ਤਹਿਤ ਬਣਾਏ ਗਏ ਵਿਨਿਯਮਾਂ ਅਧੀਨ ਈ-ਨਿਲਾਮੀ ਰਾਹੀਂ ਹੇਠ ਲਿਖੇ ਸੂਚੀਕ੍ਰਿਤ ਅਸਾਸਿਆਂ ਦੀ ਵਿਕਰੀ ਲਈ ਜਨਤਾ ਵਾਸਤੇ ਸੂਚਨਾ।

| | |
|---|---|
| ਈ-ਨਿਲਾਮੀ ਦੀ ਮਿਤੀ ਤੇ ਸਮਾਂ | 25.01.2023 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 4.00 ਵਜੇ |
| ਬੋਲੀ ਫਾਰਮ, ਘੋਸ਼ਣਾ ਫਾਰਮ ਅਤੇ ਕੇਵਾਈਸੀ ਘੋਸ਼ਣਾ ਜਮ੍ਹਾਂ ਕਰਵਾਉਣਾ | 26.12.2022 ਨੂੰ ਸਵੇਰੇ 10.00 ਵਜੇ ਤੋਂ 08.01.2023 ਨੂੰ ਬਾ.ਦੁ. 4.00 ਵਜੇ ਤੱਕ |
| ਨਿਰੀਖਣ ਅਤੇ ਸਮਾਂ | 13.01.2023 ਨੂੰ ਸਵੇਰੇ 10.00 ਵਜੇ ਤੋਂ 19.01.2023 ਨੂੰ ਬਾ.ਦੁ. 4.00 ਵਜੇ ਤੱਕ |
| ਬੋਲੀ ਦਸਤਾਵੇਜ਼ ਅਤੇ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ | 23.01.2023 ਨੂੰ ਬਾ.ਦੁ. 4.00 ਵਜੇ |

| ਅਸਾਸੇ | ਰਾਖਵੀਂ ਕੀਮਤ (ਰੁ.) | ਬਿਆਨਾ ਰਕਮ (ਰੁ.) |
|---|---|---|
| **ਲਾਟ-1*:** ਇਨਵੈਂਟਰੀ (ਰੇਡੀਮੇਡ ਗਾਰਮੈਂਟਸ ਅਤੇ ਅਸੈਸਰੀਜ਼): ਗਾਰਮੈਂਟਸ ਅਤੇ ਅਸੈਸਰੀਜ਼ (ਪੁਰਾਣੇ ਅਤੇ ਅਣਸਿਲੇ ਗਾਰਮੈਂਟਸ, ਸੌਕਸ, ਬੈਲਟਾਂ, ਸ਼ੂਜ਼ ਆਦਿ), ਪਲਾਟ ਨੰ. 217, ਇੰਡਸਟਰੀਅਲ ਏਰੀਆ-ਏ, ਲੁਧਿਆਣਾ, ਪੰਜਾਬ-141003 ਵਿਖੇ ਪਏ। ਪ੍ਰਸਤਾਵਿਤ ਬੋਲੀਦਾਤਾ 1-38 ਸਬ ਲਾਟਸ (ਹਰੇਕ ਸਬ ਲਾਟ ਵਿਚ 500 ਪੀਸ) ਵਿਚੋਂ ਇਕ ਜਾਂ ਵੱਧ ਸਬ-ਲਾਟਸ ਵਾਸਤੇ ਬੋਲੀ ਦੇ ਸਕਦੇ ਹਨ। ਸਬ-ਲਾਟ ਨੰਬਰਾਂ ਦੀ ਪਛਾਣ ਲੋਕੇਸ਼ਨ 'ਤੇ ਕੀਤੀ ਗਈ ਹੈ। | 8,17,888 (for all Sub-Lots) | 81,789 (for all Sub-Lots) |
| **ਲਾਟ-2*:** ਆਫਿਸ ਉਪਕਰਣ/ਚੱਲ ਅਸਾਸੇ [ ਪ੍ਰਿੰਟਰ ਕਮ ਸਕੈਨਰ (ਸਮਾਲ) (3 ਅਦਦ) ਡੈਸਕਟਾਪ (09 ਅਦਦ) ਪ੍ਰਿੰਟਰ ਕਮ ਬਾਰ ਕੋਡ ਸਕੈਨਰ (01 ਅਦਦ) ਪ੍ਰਿੰਟਰ ਵੱਡਾ (0 ਅਦਦ), ਫੀਡਰ ਮਸ਼ੀਨ (02 ਅਦਦ) ਸਰਵੋ ਪੈਨਲ ਫਾਰ ਨਿਟਿੰਗ ਮਸ਼ੀਨ (01 ਅਦਦ)] ਪਲਾਟ ਨੰ. 217 ਇੰਡਸਟਰੀਅਲ ਏਰੀਆ-ਏ ਲੁਧਿਆਣਾ, ਪੰਜਾਬ 141003 ਵਿਚ ਸਥਿਤ। ਪ੍ਰਸਤਾਵਿਤ ਬੋਲੀਦਾਤਾ 1-17 ਸਬ ਲਾਟ ਵਿਚੋਂ ਇਕ ਜਾਂ ਵੱਧ ਸਬ ਲਾਟਸ ਲਈ ਬੋਲੀ ਦੇ ਸਕਦੇ ਹਨ (ਹਰੇਕ ਸਬ ਲਾਟ ਵਿਚ ਹਰੇਕ ਆਈਟਮ ਦਾ 01 ਅਦਦ) ਸਬ ਲਾਟ ਨੰਬਰਾਂ ਦੀ ਪਛਾਣ ਲੋਕੇਸ਼ਨ 'ਤੇ ਕੀਤੀ ਗਈ ਹੈ। | 1,10,472 (for all Sub-Lots) | 11,047 (for all Sub-Lots) |
| **ਲਾਟ-3:** ਅਚੱਲ ਅਸਾਸਾ (ਫਰੀਹੋਲਡ ਜ਼ਮੀਨ): ਪਿੰਡ ਮਾਛੀਵਾੜਾ, ਹੱਦਬਸਤ ਨੰ. 75, ਤਹਿਸੀਲ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਖੇਤੀਬਾੜੀ ਜ਼ਮੀਨ। ਖੇਵਟ ਨੰ. 982/836, ਖਤੌਨੀ ਨੰ. 1080, ਖਸਰਾ ਨੰ. 178//8/2/2(0-10), 178//13(7-10), ਏਰੀਆ: ਤਕਰੀਬਨ 04 ਕਨਾਲ, ਇਹ ਇਕ ਖਾਲੀ ਪਲਾਟ ਹੈ। | 26,36,793 | 2,63,679 |

* ਉਕਤ ਸੂਚੀਕ੍ਰਿਤ ਅਸਾਸਿਆਂ ਦੀਆਂ ਸਾਰੀਆਂ ਆਈਟਮਾਂ 'ਤੇ ਸੀਡੀ ਦੇ ਫਾਇਨਾਂਸ਼ੀਅਲ ਕ੍ਰੈਡੀਟਰਜ਼/ਬੈਂਕਾਂ ਦਾ ਸਿਕਿਓਰਿਟੀ ਇੰਟਰਸਟ ਸੀਡੀ ਦੀ ਲਿਕਵੀਡੇਸ਼ਨ ਅਸਟੇਟ ਦੇ ਪੱਖ ਵਿਚ ਤਿਆਗ ਦਿੱਤਾ ਗਿਆ ਸੀ। ਹਰੇਕ ਲਾਟ 'ਤੇ ਲਾਗੂ ਅਨੁਸਾਰ ਡਿਊਟੀਜ਼ ਅਤੇ ਟੈਕਸ ਵਾਧੂ (extra) ਹੋਣਗੇ।

**ਈ-ਨਿਲਾਮੀ ਦੀਆਂ ਸ਼ਰਤਾਂ ਅਤੇ ਪ੍ਰਤੀਬੰਧ ਹੇਠ ਅਨੁਸਾਰ ਹਨ:**

1. ਈ-ਨਿਲਾਮੀ ਨੂੰ **'ਜਿਵੇਂ ਹੈ ਜਿੱਥੇ ਹੈ, ਜਿਵੇਂ ਹੈ ਜੋ ਹੈ** ਅਤੇ ਬਿਨਾਂ ਰਿਕੋਰਸ ਆਧਾਰ' 'ਤੇ ਸਰਵਿਸ ਪ੍ਰੋਵਾਈਡਰ ਮੈ. ਈ-ਪ੍ਰੋਕਿਓਰਮੈਂਟ ਟੈਕਨਾਲੋਜਿਜ਼ ਲਿਮਟਿਡ-ਆਕਸ਼ਨ ਟਾਈਗਰ (ਨਿਲਾਮੀਕਰਤਾ) ਵੱਲੋਂ ਆਯੋਜਿਤ ਕੀਤੀ ਜਾਵੇਗੀ।
2. ਇਹ ਈ-ਨਿਲਾਮੀ ਵਿਕਰੀ ਸੂਚਨਾ ਸਿਰਫ਼ ਸੂਚਨਾ ਲਈ ਹੈ ਤੇ ਇਸ ਨੂੰ ਈ-ਨਿਲਾਮੀ ਬੋਲੀ ਫਾਰਮ ਵਿਚ ਦਰਜ ਈ-ਨਿਲਾਮੀ ਪ੍ਰਕ੍ਰਿਆ ਅਤੇ ਅਸਾਸੇ ਸੂਚਕ ਦਸਤਾਵੇਜ਼ ਉਦਘੋਸ਼ਣਾ ਤੇ ਹਲਫਨਾਮਾ ਫਾਰਮ ਤੇ ਈ-ਨਿਲਾਮੀ ਵਿਕਰੀ ਦੀਆਂ ਆਮ ਸ਼ਰਤਾਂ ਤੇ ਪ੍ਰਤੀਬੰਧਾਂ ਨਾਲ ਜੋੜ ਕਰਕੇ ਪੜ੍ਹਿਆ ਜਾਵੇ, ਜੋ ਕਿ ਵੈੱਬਸਾਈਟਾਂ 'ਤੇ ਸੁਲੱਭ ਹਨ- www.woolways.com ਤੇ nclt@auctiontiger.net ਸਮਾਪਕ ਦੇ ਸੰਪਰਕ ਵੇਰਵੇ ਨਿਮਨ ਦਰਜ ਹਨ।
3. ਸਮਾਪਕ ਕੋਲ ਬੋਲੀ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਅੰਤਿਮ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਉਕਤ ਵਰਣਤ ਲਾਟ ਜਾਂ ਸਬ-ਲਾਟ ਨੂੰ ਈ-ਨਿਲਾਮੀ ਤੋਂ ਵਾਪਸ ਲੈਣ ਦਾ ਅਧਿਕਾਰ ਰਾਖਵਾਂ ਹੋਵੇਗਾ ਤੇ ਚਾਹਵਾਨ ਬੋਲੀਕਾਰ ਕੋਲ ਉਕਤ ਵਾਪਸੀ ਹੋਣ ਦੀ ਸੂਰਤ ਵਿਚ ਕਿਸੇ ਵੀ ਲਾਟ/ਜਾਂ ਸਬ-ਲਾਟ ਪ੍ਰਤੀ ਕੋਈ ਦਾਅਵਾ ਜਾਂ ਹੱਕ ਪ੍ਰਗਟ ਕਰਨ ਦਾ ਅਧਿਕਾਰ ਨਹੀਂ ਹੋਵੇਗਾ।
4. ਈ-ਨਿਲਾਮੀ ਦੀਆਂ ਵਿਸਤ੍ਰਿਤ ਸ਼ਰਤਾਂ ਤੇ ਪ੍ਰਤੀਬੰਧਾਂ ਨੂੰ ਪ੍ਰਦਾਨ ਕਰਨ ਵਾਲੀ ਈ-ਨਿਲਾਮੀ ਵਿਚ ਹਿੱਸਾ ਲੈਣ ਲਈ ਚਾਹਵਾਨ ਬੋਲੀਕਾਰ ਵੱਲੋਂ ਬੋਲੀ ਫਾਰਮ ਨੂੰ ਭਰਿਆ ਜਾਵੇ ਅਤੇ ਚਾਹਵਾਨ ਬੋਲੀਕਾਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਬੋਲੀ ਫਾਰਮ ਨੂੰ ਧਿਆਨ ਨਾਲ ਪੜ੍ਹਨ ਅਤੇ ਈ-ਨਿਲਾਮੀ ਵਿਚ ਹਿੱਸਾ ਲੈਣ ਤੋਂ ਪਹਿਲਾਂ ਬਿਆਨਾ ਰਕਮ ਸਹਿਤ ਬੋਲੀ ਫਾਰਮ ਨੂੰ ਜਮ੍ਹਾਂ ਕਰਵਾਉਣ।

ਵੱਲੋਂ:-
**Sajeve Bhushan Deora, Liquidator: Woolways (India) Limited (In Lequidation);**
IBBI Regn. No.: IBBI/IPA-001/IP-P00317/2017-2018/10581; ਏਐਫਏ ਦੀ ਵੈਧਤਾ: ਸਤੰਬਰ 18, 2023;
ਪਤਾ: 606 ਨਵੀਂ ਦਿੱਲੀ ਹਾਊਸ, 27 ਬਾਰਾਖੰਬਾ ਰੋਡ, ਨਵੀਂ ਦਿੱਲੀ-110001;
Email ID: in.woolways.sbd@gmail.com; sajeve.deora@deora.com
Contact No: +91 9811903450, 9811903455

ਮਿਤੀ: 24-12-2022
ਸਥਾਨ: ਨਵੀਂ ਦਿੱਲੀ


# ਕਾਮਰੇਡ ਰੂਪ ਸਿੰਘ ਰੂਪਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਖੇਤਰੀ ਪ੍ਰਤੀਨਿਧ**
**ਲੁਧਿਆਣਾ, 25 ਦਸੰਬਰ**

ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵਲੋਂ ਸਮਾਜ ਸੇਵੀ ਕਾਮਰੇਡ ਰੂਪ ਸਿੰਘ ਰੂਪਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਰੂਪ ਸਿੰਘ ਰੂਪਾ ਉਹ ਸ਼ਖ਼ਸੀਅਤ ਸਨ ਜਿਹੜੇ ਸਾਹਿਤ ਤੇ ਸਿੱਖਿਆ ਦੇ ਮਸਲਿਆਂ ਨੂੰ ਸਮਰਪਿਤ ਹੋ ਕੇ ਬਾਕਾਇਦਾ ਪ੍ਰਾਜੈਕਟ ਬਣਾ ਕੇ ਵਿੱਤੀ ਸਹਾਇਤਾ ਦੇ ਕੇ ਅਮਲ ਵਿੱਚ ਲਿਆਉਂਦੇ ਸਨ। ਉਨ੍ਹਾਂ ਨੂੰ 1989 ਵਿੱਚ ਦਿਨ ਦਿਹਾੜੇ ਅਤਿਵਾਦੀਆਂ ਨੇ ਗੋਲੀਆਂ ਮਾਰੀਆਂ ਸਨ ਪਰ ਉਸ ਵੇਲੇ ਡਾ. ਐੱਸ.ਐੱਸ. ਦੁਸਾਂਝ ਉਨ੍ਹਾਂ ਨੂੰ ਆਪਣੀ ਗੱਡੀ ਵਿੱਚ ਦਯਾਨੰਦ ਹਸਪਤਾਲ ਲੁਧਿਆਣਾ ਲੈ ਗਏ ਜਿਥੇ ਉਹ ਸਿਹਤਯਾਬ ਹੋ ਗਏ। ਸੰਘ ਦੇ ਪ੍ਰਧਾਨ ਡਾ. ਤੇਜਵੰਤ ਸਿੰਘ ਗਿੱਲ, ਕਾਰਜਕਾਰੀ ਪ੍ਰਧਾਨ ਡਾ. ਸੁਰਜੀਤ ਬਰਾੜ ਘੋਲੀਆ ਨੇ ਕਿਹਾ ਕਿ ਸ੍ਰੀ ਰੂਪਾ ਨੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਰੱਖੇ ਗਏ ਕਾਮਰੇਡ ਜਗਜੀਤ ਸਿੰਘ ਆਨੰਦ ਐਵਾਰਡ ਨੂੰ ਵਿੱਤੀ ਸਹਾਇਤਾ ਦੇ ਕੇ ਸ਼ੁਰੂ ਕਰਵਾਇਆ। ਜਨਰਲ ਸਕੱਤਰ ਸੁਰਜੀਤ ਜੱਜ ਨੇ ਸ੍ਰੀ ਰੂਪਾ ਦੇ ਲੇਖਕਾਂ ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਬਲਬੀਰ ਮਾਧੋਪੁਰੀ ਅਤੇ ਡਾ. ਸਾਹਿਬ ਸਿੰਘ, ਸੁਰਿੰਦਰ ਸਿੰਘ ਦੁਸਾਂਝ, ਪ੍ਰੋ. ਗੁਰਭਜਨ ਗਿੱਲ, ਸੁਰਜੀਤ ਪਾਤਰ ਨਾਲ ਨਿੱਜੀ ਸਬੰਧਾਂ ਨੂੰ ਯਾਦ ਕੀਤਾ। ਸਹਾਇਕ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸ੍ਰੀ ਰੂਪਾ ਦੇ ਕਾਮਰੇਡ ਜਗਜੀਤ ਸਿੰਘ ਆਨੰਦ ਨਾਲ ਨਿੱਘੇ ਸਬੰਧਾਂ ਦਾ ਜ਼ਿਕਰ ਕੀਤਾ। ਇਸ ਮੌਕੇ ਜਸਵੀਰ ਝੱਜ, ਜਸਪਾਲ ਮਾਨਖੇੜਾ, ਲਾਭ ਸਿੰਘ ਖੀਵਾ, ਡਾ. ਕੁਲਦੀਪ ਦੀਪ, ਅਰਵਿੰਦਰ ਕੌਰ ਕਾਕੜਾ, ਸੁਰਿੰਦਰ ਗਿੱਲ, ਸੁਰਿੰਦਰ ਰਾਮਪੁਰੀ, ਰਣਵੀਰ ਰਾਣਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਪੀ.ਏ.ਯੂ. ਐਂਪਲਾਈਜ਼ ਯੂਨੀਅਨ, ਪੀ.ਏ.ਯੂ. ਪੈਨਸ਼ਨਰ ਅਤੇ ਰਿਟਾਇਰੀਜ਼ ਐਸੋਸੀਏਸ਼ਨ, ਸੁਬਾਰਡੀਨੇਟ ਸਰਵਿਸਿਜ਼ ਫ਼ੈਡਰੇਸ਼ਨ ਅਤੇ ਸੂਬਾ ਕੌਸ਼ਲ ਭਾਰਤੀ ਕਮਿਊਨਿਸਟ ਪਾਰਟੀ ਨੇ ਵੀ ਦੁੱਖ ਪ੍ਰਗਟਾਇਆ।



# 'ਪੰਜਾਬੀ ਖੇਡ ਸਾਹਿਤ' ਦੇ ਚਾਰ ਭਾਗ ਰਿਲੀਜ਼



ਪ੍ਰਿੰਸੀਪਲ ਸਰਵਣ ਸਿੰਘ ਦੀਆਂ ਪੁਸਤਕ ਦੇ ਭਾਗ ਰਿਲੀਜ਼ ਕਰਦੇ ਹੋਏ ਪਤਵੰਤੇ।

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 25 ਦਸੰਬਰ**

ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਅਮਰਦੀਪ ਮੇਲੇ ਵਿੱਚ ਅੱਜ ਡਾ. ਸਰਦਾਰਾ ਸਿੰਘ ਜੌਹਲ ਨੇ ਪੰਜਾਬੀ ਖੇਡ ਸਾਹਿਤ ਦੇ ਚਾਰ ਭਾਗ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', 'ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਲੋਕ ਅਰਪਣ ਕੀਤੇ। ਦੱਸਣਾ ਬਣਦਾ ਹੈ ਕਿ ਪ੍ਰਿੰ. ਸਰਵਣ ਸਿੰਘ ਦੀਆਂ 2020-22 ਦੌਰਾਨ ਉਪਰੋਕਤ ਪੁਸਤਕਾਂ ਸਣੇ 9 ਪੁਸਤਕਾਂ ਉਡਣਾ ਸਿੱਖ ਮਿਲਖਾ ਸਿੰਘ, ਪੰਜਾਬੀਆਂ ਦਾ ਖੇਡ ਸੱਭਿਆਚਾਰ, ਪੰਜਾਬੀ ਕਹਾਣੀ ਦਾ ਸ਼ਾਹ-ਸਵਾਰ ਵਰਿਆਮ ਸਿੰਘ ਸੰਧੂ ਤੇ ਮੇਰੀ ਕਲਮ ਦੀ ਮੈਰਾਥਨ ਛਪੀਆਂ ਹਨ।

# ਜਮਾਤ-ਏ-ਅਹਿਮਦੀਆ ਦਾ ਕੌਮਾਂਤਰੀ ਜਲਸਾ ਸਮਾਪਤ

## ਮੀਡੀਆ ਕਾਰਨ ਦੁਨੀਆ ਅਨੈਤਿਕਤਾ ਵੱਲ ਵਧ ਰਹੀ ਹੈ: ਹਜ਼ਰਤ ਮਿਰਜ਼ਾ ਮਸਰੂਰ

**ਪੱਤਰ ਪ੍ਰੇਰਕ**
**ਕਾਦੀਆਂ, 25 ਦਸੰਬਰ**

ਜਮਾਤ-ਏ-ਅਹਿਮਦੀਆ ਕਾਦੀਆਂ ਦਾ 127ਵਾਂ ਸਾਲਾਨਾ ਕੌਮਾਂਤਰੀ ਜਲਸਾ ਅੱਜ ਸਮਾਪਤ ਹੋ ਗਿਆ। ਆਖਰੀ ਦਿਨ ਇਮਾਮ ਜਮਾਤ-ਏ-ਅਹਿਮਦੀਆ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖ਼ਲੀਫ਼ਾ-ਤੁੱਲ ਮਸੀਹ ਅਲ-ਖ਼ਾਮਿਸ ਨੇ ਭਾਈਚਾਰੇ ਨੂੰ ਸੰਬੋਧਨ ਕੀਤਾ। ਇਹ ਸੰਬੋਧਨ ਦੁਨੀਆ ਭਰ 'ਚ ਮੁਸਲਿਮ ਟੈਲੀਵਿਜ਼ਨ ਅਹਿਮਦੀਆ ਰਾਹੀਂ ਸੁਣਿਆ ਅਤੇ ਵੇਖਿਆ ਗਿਆ। ਇਸ ਮੌਕੇ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖ਼ਲੀਫ਼ਾ-ਤੁੱਲ ਮਸੀਹ ਨੇ ਫ਼ਰਮਾਇਆ ਕਿ ਸਭ ਨੂੰ ਨਜ਼ਰ ਦਾ ਪਰਦਾ ਰੱਖਣਾ ਚਾਹੀਦਾ ਹੈ। ਅੱਜ ਦੇ ਮੀਡੀਆ ਕਾਰਨ ਦੁਨੀਆ ਕਥਿਤ ਅਸ਼ਲੀਲਤਾ ਅਤੇ ਅਨੈਤਿਕਤਾ ਵੱਲ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਖ਼ੁਦਾ ਦਾ ਖ਼ੌਫ਼ ਰੱਖਦਿਆਂ ਉਸ ਦੀ ਇਬਾਦਤ ਕਰਨੀ ਚਾਹੀਦੀ ਹੈ ਅਤੇ ਨੇਕੀ ਵੱਲ ਕਦਮ ਵਧਾਉਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਕਾਦੀਆਂ ਤੋਂ ਇਲਾਵਾ ਟੋਗੋ, ਆਈਵਰੀ ਕੋਸਟ, ਬੁਰਕੀਨਾ ਫ਼ਾਸੋ, ਗਿੰਨੀ ਬਸਾਉ, ਮਾਲੀ ਅਤੇ ਅਫ਼ਰੀਕੀ ਦੇਸ਼ਾਂ ਵਿੱਚ ਵੀ ਕੁਝ ਥਾਵਾਂ 'ਤੇ ਜਲਸੇ ਹੋ ਰਹੇ ਹਨ। ਕਾਦੀਆਂ ਜਲਸੇ ਵਿੱਚ ਲਗਪਗ 14,500 ਲੋਕਾਂ ਨੇ ਸ਼ਿਰਕਤ ਕੀਤੀ ਅਤੇ 37 ਦੇਸ਼ਾਂ ਦੇ ਪ੍ਰਤੀਨਿਧੀ ਸ਼ਾਮਲ ਹੋਏ। ਇਸ ਮੌਕੇ ਲੰਡਨ ਵਿੱਚ ਵੀ ਵੱਡੀ ਤਾਦਾਦ 'ਚ ਅਹਿਮਦੀ ਮੁਸਲਮਾਨਾਂ ਨੇ ਇਕੱਠੇ ਹੋ ਕੇ ਜਲਸੇ ਦੀ ਕਾਰਵਾਈ ਵੇਖੀ। ਕਾਦੀਆਂ ਦੇ ਨੌਜਵਾਨਾਂ ਨੇ ਧਾਰਮਿਕ ਨਜ਼ਮਾਂ ਪੜ੍ਹੀਆਂ। ਸਥਾਨਕ ਮਹਿਲਾਵਾਂ ਨੇ ਵੀ ਸਿੱਧੇ ਪ੍ਰਸਾਰਨ ਰਾਹੀਂ ਨਜ਼ਮਾਂ ਪੜ੍ਹੀਆਂ। ਇਸ ਜਲਸੇ ਵਿੱਚ ਬੰਗਲਾਦੇਸ਼, ਮਾਰੀਸ਼ਸ, ਫ਼ਲਸਤੀਨ, ਗਰੀਸ, ਜਰਮਨੀ, ਯੂਕੇ, ਇੰਡੋਨੇਸ਼ੀਆ, ਕੈਨੇਡਾ, ਅਮਰੀਕਾ, ਨੇਪਾਲ, ਭੂਟਾਨ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚੇ ਸਨ। ਭਾਰਤ ਤੋਂ ਕਸ਼ਮੀਰ, ਕੇਰਲਾ, ਬਿਹਾਰ, ਉੜੀਸਾ, ਰਾਜਸਥਾਨ, ਹਰਿਆਣਾ, ਗੁਜਰਾਤ ਸਮੇਤ ਹਰ ਸੂਬੇ ਤੋਂ ਸ਼ਰਧਾਲੂਆਂ ਦੀ ਵੱਡੀ ਗਿਣਤੀ ਹਾਜ਼ਰ ਸੀ।





ਕਾਦੀਆਂ ਵਿੱਚ ਐਤਵਾਰ ਨੂੰ ਕੌਮਾਂਤਰੀ ਜਲਸੇ ਦੌਰਾਨ ਨਜ਼ਮਾਂ ਪੜ੍ਹਦੇ ਹੋਏ ਨੌਜਵਾਨ।


**IndusInd Bank**

**ਪੀਐਨਏ ਹਾਊਸ, ਪਹਿਲੀ ਮੰਜ਼ਿਲ, ਪਲਾਟ ਨੰ. 57 ਅਤੇ 57/1, ਸਟ੍ਰੀਟ ਨੰ. 17, ਨਜ਼ਦੀਕ ਈਐਸਆਈਸੀ ਆਫਿਸ, ਐਮਆਈਡੀਸੀ, ਅੰਧੇਰੀ (ਈ), ਮੁੰਬਈ-400093**

**ਜਨਤਕ ਸੂਚਨਾ**

**(ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 3(1) ਅਧੀਨ) ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ, 2002 ਦੀ ਧਾਰਾ 13(2) ਅਧੀਨ ਸੂਚਨਾ ਦੀ ਵਿਕਲਪਕ ਸੇਵਾ**

ਹੇਠ ਲਿਖੇ ਕਰਜ਼ਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਵੱਲੋਂ **ਇੰਡਸਇੰਡ ਬੈਂਕ ਲਿਮ.** (IBL) ਕੋਲੋਂ ਪ੍ਰਾਪਤ ਰਿਣ ਸੁਵਿਧਾ ਵਿਚ ਉਹ ਦੋਸ਼ੀ ਹੋ ਗਏ ਹਨ, ਉਨ੍ਹਾਂ ਦੀ ਕਰਜ਼ ਕ੍ਰੈਡਿਟ ਸੁਵਿਧਾ RBI ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਬੈਂਕ ਦੇ ਖਾਤਿਆਂ ਵਿਚ **ਨਾਨ-ਪਰਫਾਰਮਿੰਗ ਐਸਟਸ** ਬਣ ਗਈ ਹੈ। ਇਸ ਕਰਕੇ ਬੈਂਕ ਵੱਲੋਂ ਕਰਜ਼ਦਾਰਾਂ ਦੇ ਅੰਤਿਮ ਮਾਲੂਮ ਪਤੇ 'ਤੇ ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਿਕਿਓਰਿਟੀ ਐਕਟ, 2002 (ਸਰਫੇਸੀ ਐਕਟ) ਦੀ ਧਾਰਾ 13(2) ਅਧੀਨ ਡਿਮਾਂਡ ਨੋਟਿਸ ਜਾਰੀ ਕੀਤੇ ਗਏ, ਜਿਸ ਵਿਚੋਂ ਉਨ੍ਹਾਂ ਨੂੰ ਡਿਮਾਂਡ ਨੋਟਿਸ ਵਿਚ ਦੱਸੇ ਅਨੁਸਾਰ ਇਤਫਾਕੀਆ ਖਰਚੇ, ਲਾਗਤ, ਚਾਰਜਿਜ਼ ਆਦਿ ਅਤੇ ਹੇਠ ਲਿਖੀ ਰਾਸ਼ੀ 'ਤੇ ਭਵਿੱਖ ਦੇ ਵਿਆਜ ਅਤੇ ਕੰਟਰੈਕਟ ਰੇਟ ਵਾਲੇ ਵਿਆਜ ਸਹਿਤ ਸਬੰਧਤ ਨੋਟਿਸ ਦੀ ਮਿਤੀ ਤੋਂ 60 ਦਿਨਾਂ ਅੰਦਰ ਸੰਪੂਰਨ ਬਕਾਇਆ ਅਦਾ ਕਰਨ ਦਾ ਸੱਦਾ ਦਿੱਤਾ ਗਿਆ। ਜਦਕਿ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 (ਸਰਫੇਸੀ ਰੂਲਜ਼) ਦੇ ਰੂਲ 3 ਦੇ ਤਹਿਤ ਸਾਡੇ ਵੱਲੋਂ ਇਸ ਪ੍ਰਕਾਸ਼ਨ ਰਾਹੀਂ ਵੀ ਸੂਚਿਤ ਕੀਤਾ ਜਾ ਰਿਹਾ ਹੈ।

| ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂ ਅਤੇ ਪਤਾ | ਕਰਜ਼ ਖਾਤਾ ਨੰ. | ਐਨਪੀਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਹੇਠ ਲਿਖੀ ਮਿਤੀ ਦੇ ਅਨੁਸਾਰ ਕੁੱਲ ਬਕਾਇਆ ਦੇਣਦਾਰੀ* | ਸੁਰੱਖਿਅਤ ਅਸਾਸਿਆਂ/ਗਿਰਵੀ ਰੱਖੀਆਂ ਪ੍ਰਾਪਰਟੀਆਂ ਦਾ ਵੇਰਵਾ |
|---|---|---|---|---|---|
| **1. ਮੈ. ਰਾਜਿੰਦਰਾ ਆਟੋ ਸਰਵਿਸ**-ਮਾਰਫਤ ਇਸ ਦੇ ਪ੍ਰੋਪ. ਮਨੋਜ ਕੁਮਾਰ ਵਰਮਾ (ਕਰਜ਼ਦਾਰ) **2. ਮਨੋਜ ਕੁਮਾਰ ਵਰਮਾ** **3. ਸੁਸ਼੍ਰੀ ਰੀਨਾ (ਸਹਿ-ਕਰਜ਼ਦਾਰ)** ਮਕਾਨ ਨੰ. 29-ਏ, ਚੰਦਨ ਨਗਰ, ਵਾਰਡ ਨੰ. 20, ਨੇੜੇ ਯੂਨੀਅਨ ਬੈਂਕ ਆਫ ਇੰਡੀਆ, ਸੋਡਲ ਰੋਡ, ਜਲੰਧਰ, ਪੰਜਾਬ-144008 | PJC00053N & PJC00070N | 05.09.2022 | 23.12.2022 | **INR. 45,44,078.12/-** (INR. Rupees Fourty Five Lac Fourty Four Thousand Seventy Eight and Twelve Paisa Only) as on 15.09.2022 | ਪੂਰਨ ਮਕਾਨ ਪੈਮਾਇਸ਼ 05 ਮਰਲਾ 46 ਵ. ਫੁੱਟ (1 ਮਰਲਾ=207 ਵ. ਫੁੱਟ) ਖਸਰਾ ਨੰ. 19407/7555, 7548, 7549, 7550, 19406/7551-7554-7555, 7556, 7559, 7560, 7561, 7562, 7563, 7564, 7566 7567, 19408/7552-7553-7557-7558 ਮਕਾਨ ਨੰ. 29-ਏ, ਚੰਦਨ ਨਗਰ, ਨੇੜੇ ਯੂਨੀਅਨ ਬੈਂਕ ਆਫ ਇੰਡੀਆ, ਤਹਿ. ਤੇ ਜ਼ਿਲ੍ਹਾ ਜਲੰਧਰ, ਪੰਜਾਬ-144008 ਵਿਚ ਸਥਿਤ, ਸੀਮਾਵਾਂ ਹਨ: ਪੂਰਬ: ਓਮ ਪ੍ਰਕਾਸ਼ ਦਾ ਮਕਾਨ, ਪੱਛਮ: ਗਲੀ, ਉੱਤਰ: ਮਨੋਜ ਦਾ ਮਕਾਨ ਅਤੇ ਹੋਰ ਦੱਖਣ: ਸ਼ਕੁੰਤਲਾ ਦੇਵੀ ਦਾ ਮਕਾਨ। |
| **1. ਗੌਰਵ ਕੁਮਾਰ (ਕਰਜ਼ਦਾਰ)** **2. ਇੰਦਰਜੀਤ ਕਟਾਰੀਆ** **3. ਸੁਸ਼੍ਰੀ ਪਿੰਕੀ ਰਾਣੀ** **4. ਮੈ. ਸ੍ਰੀ ਗਣੇਸ਼ ਇੰਡਸਟਰੀਜ਼** ਮਾਰਫਤ ਇਸ ਦੇ ਪ੍ਰੋਪ. ਸ੍ਰੀ ਗੌਰਵ ਕੁਮਾਰ (ਸਹਿ-ਕਰਜ਼ਦਾਰ) ਮਕਾਨ ਨੰ. 6401, ਗਲੀ ਨੰ. 10, ਵਾਰਡ ਨੰ. 9, ਨੇੜੇ ਚੰਡੀਗੜ੍ਹ ਪਬਲਿਕ ਸਕੂਲ, ਗੁਰੂ ਅਰਜਨ ਦੇਵ ਨਗਰ, ਬੱਗਾ ਕਲਾਂ, ਲੁਧਿਆਣਾ (ਪੰ.)-141008, **ਇਥੇ ਵੀ:** ਗਲੀ ਨੰ. 2, ਗਿਆਸਪੁਰਾ, ਲੁਧਿਆਣਾ (ਪੰ.)-141008 | PLE00638N & PLE00984N | 05.11.2022 | 23.12.2022 | **INR. 25,94,324.31/-** (INR. Rupees Twenty Five Lac Ninety Four Thousand Three Hundred Twenty Four and Thirty One Paisa Only) as on 16.11.2022 | ਸੰਪੂਰਣ ਮਕਾਨ ਪੈਮਾਇਸ਼ 88.11 ਵ.ਗਜ਼, ਖਸਰਾ ਨੰ. 855, ਖਾਤਾ ਨੰ. 1874/2050, ਜਮ੍ਹਾਂਬੰਦੀ ਸਾਲ 1997-1998 ਦੇ ਅਨੁਸਾਰ, ਪਿੰਡ ਤਰਫ ਸੈਦਾਂ, ਆਬਾਦੀ ਗੁਰੂ ਅਰਜਨ ਦੇਵ ਨਗਰ, ਤਹਿ. ਤੇ ਜ਼ਿਲ੍ਹਾ ਲੁਧਿਆਣਾ (ਪੰ)-141008 ਵਿਚ, ਸੀਮਾਵਾਂ ਹਨ: ਪੂਰਬ: ਗਲੀ 20' ਚੌੜੀ, ਪੱਛਮ: ਚੰਡੀਗੜ੍ਹ ਸਕੂਲ, ਉੱਤਰ: ਚੰਡੀਗੜ੍ਹ ਸਕੂਲ, ਦੱਖਣ: ਪ੍ਰਿਤਪਾਲ ਸਿੰਘ। |
| **1. ਨਸੀਬ ਸਿੰਘ (ਕਰਜ਼ਦਾਰ)** **2. ਸ੍ਰੀਮਤੀ ਜਸਬੀਰ ਕੌਰ** **3. ਸ੍ਰੀਮਤੀ ਸੁਰਜੀਤ ਕੌਰ (ਸਹਿ-ਕਰਜ਼ਦਾਰ)** ਮਕਾਨ ਨੰ. 5198, ਗਲੀ ਨੰ. 2, ਨਿਊ ਸ਼ਿਮਲਾਪੁਰੀ ਨੇੜੇ ਸੰਧੂ ਮੈਡੀਕਲ ਸਟੋਰ, ਲੁਧਿਆਣਾ (ਪੰ.)-141003 **ਇਥੇ ਵੀ:** ਵਾਰਡ ਨੰ. 64, ਗਲੀ ਨੰ. 3, ਨੇੜੇ ਰੇਰੂ ਸਾਹਿਬ ਗੁਰਦੁਆਰਾ, ਲੋਹਾਰਾ ਕਾਲੋਨੀ, ਲੁਧਿਆਣਾ (ਪੰ.)-141016 | PLE01074N | 05.10.2022 | 30.11.2022 | **INR. Rs. 13,24,101.25/-** (INR. Rupees Thirteen Lac Twenty Four Thousand One Hundred One and Twenty Five Paisa Only) as on 15.10.2022 | ਸੰਪੂਰਣ ਮਕਾਨ ਪੈਮਾਇਸ਼ 131 ਵ.ਗਜ਼, ਖਸਰਾ ਨੰ. 133 ਵਿਚ ਸ਼ਾਮਲ, ਪਿੰਡ "ਲੋਹਾਰਾ" ਜੋ ਕਿ ਜਾਣੀ ਜਾਂਦੀ ਹੈ "ਲੋਹਾਰਾ ਕਾਲੋਨੀ", ਗਲੀ ਨੰ. 3, ਤਹਿ. ਤੇ ਜ਼ਿਲ੍ਹਾ ਲੁਧਿਆਣਾ (ਪੰ.)-141018 ਵਿਚ, ਸੀਮਾਵਾਂ ਹਨ: ਪੂਰਬ ਵੱਲ: ਗਲੀ, ਦੱਖਣ ਵੱਲ: ਪੜੌਸੀ ਦਾ ਮਕਾਨ, ਪੱਛਮ ਵੱਲ: ਪੜੌਸੀ ਦਾ ਮਕਾਨ, ਉੱਤਰ ਵੱਲ: ਸੰਨੀ ਰਵੀ ਦਾ ਮਕਾਨ। |

ਅਸੀਂ ਉਕਤ ਕਰਜ਼ਦਾਰਾਂ ਨੂੰ ਬਾਕਾਇਦਾ ਸੱਦਾ ਦਿੰਦੇ ਹਾਂ ਕਿ ਉਹ ਭਵਿੱਖ ਦੇ ਵਿਆਜ, ਖਰਚੇ, ਚਾਰਜਿਜ਼ ਆਦਿ ਸਹਿਤ ਸਬੰਧਤ ਡਿਮਾਂਡ ਨੋਟਿਸ ਵਿਚ ਦਰਸਾਈ ਬਕਾਇਆ ਰਕਮ ਦਾ ਭੁਗਤਾਨ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਨੂੰ ਕਰ ਦੇਣ, ਨਹੀਂ ਤਾਂ ਅਸੀਂ ਉਕਤ ਕਰਜ਼ਦਾਰ/ਸਹਿ-ਕਰਜ਼ਦਾਰ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਦੇ ਮੁਕੰਮਲ ਜੋਖਮ, ਖਰਚੇ ਅਤੇ ਨਤੀਜੇ ਦੇ ਮੁਕੰਮਲ ਆਧਾਰ 'ਤੇ ਸੁਰੱਖਿਅਤ ਅਸਾਸੇ ਨੂੰ ਕਬਜ਼ੇ ਵਿਚ ਲੈਣ ਤੇ ਵੇਚਣ ਤੱਕ ਹੀ ਸੀਮਤ ਨਾ ਹੋਣ ਵਾਲੇ ਲਾਗੂ ਨਿਯਮਾਂ ਅਤੇ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਕਤ ਸੁਰੱਖਿਅਤ ਅਸਾਸੇ/ਅਚੱਲ ਪ੍ਰਾਪਰਟੀ ਦੇ ਪ੍ਰਤੀ ਕੋਈ ਵੀ ਕਾਰਵਾਈ ਕਰਨ ਲਈ ਸੁਤੰਤਰ ਹੋਵਾਂਗੇ।

ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਸਰਫੇਸੀ ਐਕਟ ਦੀ ਧਾਰਾ 13(13) ਦੇ ਅਨੁਰੂਪ ਤੁਹਾਡੇ ਸਾਰਿਆਂ ਉੱਪਰ ਬੈਂਕ ਦੀ ਪੂਰਵ ਲਿਖਤੀ ਸਹਿਮਤੀ ਲਏ ਬਿਨਾਂ ਉਕਤ ਦਰਸਾਏ ਸੁਰੱਖਿਅਤ ਅਸਾਸਿਆਂ ਨੂੰ ਸੇਲ, ਲੀਜ਼ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਟਰਾਂਸਫਰ ਕਰਨ ਬਾਰੇ ਪ੍ਰਤੀਬੰਧ ਲਾਗੂ ਰਹੇਗਾ। ਉਕਤ ਧਾਰਾ ਦੇ ਪ੍ਰਤੀਕੂਲ ਕੋਈ ਵੀ ਕਾਰਵਾਈ ਤੁਹਾਡੇ ਵੱਲੋਂ ਕੀਤੇ ਜਾਣ ਦੀ ਸੂਰਤ ਵਿਚ ਸਰਫੇਸੀ ਐਕਟ ਦੀ ਧਾਰਾ-29 ਦੇ ਅਧੀਨ ਨਿਰਧਾਰਤ ਜੁਰਮਾਨਾ ਵਿਵਸਥਾਵਾਂ ਅਤੇ/ਜਾਂ ਇਸ ਸਬੰਧੀ ਕੋਈ ਵੀ ਹੋਰ ਕਾਨੂੰਨੀ ਵਿਵਸਥਾ ਤੁਹਾਡੇ ਉੱਪਰ ਲਾਗੂ ਹੋਵੇਗੀ।

ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਆਈਬੀਐਲ ਵੱਲੋਂ ਕੀਤੇ ਗਏ ਸਾਰੇ ਖਰਚਿਆਂ, ਲਾਗਤਾਂ ਤੇ ਚਾਰਜਿਜ਼ ਸਹਿਤ ਆਈਬੀਐਲ ਦੀ ਦੇਣਦਾਰੀ ਦਾ ਭੁਗਤਾਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਅਨੁਸਾਰ, ਵਿਕਰੀ ਜਾਂ ਟਰਾਂਸਫਰ ਲਈ ਨਿਰਧਾਰਤ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਆਈਬੀਐਲ ਨੂੰ ਕਰ ਦਿੱਤਾ ਜਾਂਦਾ ਹੈ ਤਾਂ ਆਈਬੀਐਲ ਵੱਲੋਂ ਸੁਰੱਖਿਅਤ ਅਸਾਸੇ ਨੂੰ ਵੇਚਿਆ ਜਾਂ ਟਰਾਂਸਫਰ ਨਹੀਂ ਕੀਤਾ ਜਾਵੇਗਾ ਅਤੇ ਸੁਰੱਖਿਅਤ ਅਸਾਸੇ ਦੀ ਟਰਾਂਸਫਰ ਜਾਂ ਵਿਕਰੀ ਲਈ ਆਈਬੀਐਲ ਵੱਲੋਂ ਹੋਰ ਕੋਈ ਵੀ ਕਦਮ ਨਹੀਂ ਚੁੱਕਿਆ ਜਾਵੇਗਾ।

**ਮਿਤੀ: 25.12.2022** **ਸਹੀ/-**
**ਥਾਂ: ਪੰਜਾਬ** **ਵਾਸਤੇ ਇੰਡਸਇੰਡ ਬੈਂਕ ਲਿਮਟਿਡ, ਅਧਿਕਾਰਤ ਅਫ਼ਸਰ**